# ਤੁਹਾਡਾ
# ਕੋਰਸ ਦਾ ਕੰਮ

ਤੁਹਾਨੂੰ ਕੀ ਜਾਨਣ ਦੀ ਲੋੜ ਹੈ,
ਤੁਹਾਨੂੰ ਕੀ ਕਰਨ ਦੀ ਲੋੜ ਹੈ,
ਅਤੇ ਉਪਰੰਤ ਕੀ ਹੋਵੇਗਾ।

## ਸੇਧ

ਇਮਤਿਹਾਨ ਦੀ ਤਰ੍ਹਾਂ, ਕੋਰਸ ਦਾ ਕੰਮ ਤੁਹਾਨੂੰ ਉਸ ਵਿਸ਼ੇ ਬਾਰੇ ਆਪਣੇ ਗਿਆਨ ਅਤੇ ਸਮਝ ਦਾ ਪ੍ਰਗਟਾਵਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਤੁਹਾਡੇ ਕੋਰਸ ਉਪਰ ਨਿਰਭਰ, ਤੁਹਾਡੇ ਕੋਰਸ ਦਾ ਕੰਮ ਪ੍ਰੋਜੈਕਟ, ਪੋਰਟਫੋਲੀਓ ਜਾਂ ਇੱਕ ਜਾਂ ਜ਼ਿਆਦਾ ਲੇਖ ਹੋ ਸਕਦੇ ਹਨ। ਐਪਰ, ਇਸ ਕੰਮ ਲਈ ਜੋ ਨੰਬਰ ਤੁਹਾਨੂੰ ਦਿੱਤੇ ਜਾਂਦੇ ਹਨ ਉਹ ਤੁਹਾਡੇ ਅੰਤਿਮ ਗ੍ਰੇਡ ਵਿੱਚ ਗਿਣੇ ਜਾਣਗੇ।

ਤੁਸੀਂ ਆਪਣੇ ਕੋਰਸ ਨੂੰ  ਸਮਰੱਥਨ ਦੇਣ ਲਈ ਕਈ ਪ੍ਰਕਾਰ ਦੇ ਸੋਮੇ ਵਰਤ ਸਕਦੇ ਹੋ, ਉਦਾਹਰਨ ਵੱਜੋਂ ਪਾਠ ਪੁਸਤਕਾਂ, ਵਿਸ਼ਵਕੋਸ਼ ਅਤੇ ਰਸਾਲੇ, ਅਤੇ ਟੀ.ਵੀ., ਰੇਡੀਓ ਅਤੇ ਇੰਟਰਨੈਟ ਵੀ। ਤੁਹਾਨੂੰ ਆਪਣੇ ਕੰਮ ਲਈ ਇਨ੍ਹਾਂ ਸੋਮਿਆਂ ਤੋਂ ਜਾਣਕਾਰੀ ਉਸਾਰੀ ਦੇ ਬਲਾਕਾਂ ਦੀ ਤਰ੍ਹਾਂ ਵਰਤਣੀ ਸਿੱਖਣ ਦਾ ਇੱਕ ਵੱਧੀਆ ਢੰਗ ਹੈ। ਐਪਰ, ਤੁਹਾਨੂੰ ਸਿੱਧੇ ਤੌਰ ਤੇ ਹੋਰ ਕਿਸੇ ਦੇ ਕੰਮ ਦੀ ਨਕਲ ਕਰਕੇ ਆਪਣੇ ਕੀਤੇ ਹੋਏ ਕੰਮ ਵੱਜੋਂ ਨਹੀਂ ਪੇਸ਼ ਕਰਨਾ ਚਾਹੀਦਾ। ਤੁਹਾਨੂੰ ਸਪਸ਼ਟ ਤੌਰ ਤੇ ਇਹ ਦਸਣਾ ਚਾਹੀਦਾ ਹੈ ਕਿ ਤੁਹਾਡਾ ਆਪਣਾ ਕੀਤਾ ਹੋਇਆ ਕੰਮ ਕਿਹੜਾ ਹੈ ਅਤੇ ਹੋਰ ਸੋਮੇ ਤੋਂ ਪ੍ਰਾਪਤ ਕੀਤੀ ਹੋਈ ਸ਼ਬਦਾਵਲੀ ਕਿਹੜੀ ਹੈ।

**ਤੁਹਾਨੂੰ ਆਪਣਾ ਕੋਰਸ ਦਾ ਕੰਮ ਕਰਨ ਸਮੇਂ ਹੇਠ ਲਿੱਖਤ ਕੁੱਝ ਜਰੂਰੀ ਅਸੂਲਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।**

### 1. ਕੰਮ ਪੇਸ਼ ਕਰਨ ਦੀ ਆਖ਼ਰੀ ਮਿੱਤੀ ਤੱਕ ਕੰਮ ਪੇਸ਼ ਕਰੋ

ਤੁਹਾਡੇ ਟੀਚਰ ਜਾਂ ਲੈਕਚਰਾਰ ਵੱਲੋਂ ਦੱਸੀ ਹੋਈ ਆਖ਼ਰੀ ਮਿੱਤੀ ਤੱਕ ਪੱਕੇ ਤੌਰ ਤੇ ਡਰਾਫਟ ਅਤੇ ਸੰਪੂਰਨ ਕੰਮ ਪੇਸ਼ ਕਰੋ। ਤੁਹਾਡੇ ਟੀਚਰ ਜਾਂ ਲੈਕਚਰਾਰ ਤੁਹਾਨੂੰ ਸੇਧ ਦੇਣ ਅਤੇ ਤੁਹਾਡੀ ਮਦਦ ਕਰਨ ਲਈ  ਹਨ। ਉਨ੍ਹਾਂ ਨੂੰ ਤੁਹਾਡਾ ਕੀਤਾ ਜਾ ਰਿਹਾ ਕੰਮ ਨਾਲ ਨਾਲ ਦਿਖਾਉਣ ਨਾਲ ਤੁਹਾਨੂੰ, ਅਤੇ ਉਨ੍ਹਾਂ ਨੂੰ, ਉਤਪੰਨ ਹੋ ਰਹੀਆਂ ਮੁਸ਼ਕਲਾਂ ਨਾਲ ਉਸੇ ਵਕਤ ਨਜਿੱਠਣ ਲਈ ਸਮਾਂ ਮਿਲੇਗਾ।

ਜੇ ਤੁਹਾਨੂੰ ਆਖ਼ਰੀ ਮਿੱਤੀ ਤੱਕ ਕੰਮ ਪੇਸ਼ ਕਰਨ ਲਈ ਮੁਸ਼ਕਲ ਆ ਰਹੀ ਹੋਵੇ ਤਾਂ ਆਪਣੇ ਟੀਚਰ ਜਾਂ ਲੈਕਚਰਾਰ ਨਾਲ ਗੱਲ ਕਰੋ - ਹੋ ਸਕਦਾ ਹੈ ਤੁਹਾਡੀ ਮਦਦ ਕਰਨ ਲਈ ਕੁੱਝ ਕੀਤਾ ਜਾ ਸਕੇ।

### 2. ਸੋਮੇ ਤੋਂ ਪ੍ਰਾਪਤ ਸਮੱਗਰੀ ਬਾਰੇ ਦੱਸੋ

ਜੇ ਤੁਸੀਂ ਆਪਣੇ ਕੰਮ ਵਿੱਚ ਕਿਤਾਬਾਂ, ਅਖ਼ਬਾਰਾਂ ਜਾਂ ਇੰਟਰਨੈਟ ਵਰਗੇ ਸੋਮੇ ਤੋਂ ਸਮੱਗਰੀ ਵਰਤਦੇ ਹੋ, ਤਾਂ ਤੁਹਾਨੂੰ ਉਚਿੱਤ ਹਵਾਲੇ ਦੇ ਕੇ ਪੱਕੇ ਤੌਰ ਤੇ ਇਹ ਸਪਸ਼ਟ ਕਰਨਾ ਚਾਹੀਦਾ ਹੈ। ਇਹ ਸਹੀ ਤੌਰ ਤੇ ਕਿਸ ਤਰ੍ਹਾਂ ਕਰਨਾ ਹੈ ਬਾਰੇ ਤੁਹਾਡਾ ਟੀਚਰ ਜਾਂ ਲੈਕਚਰਾਰ ਤੁਹਾਨੂੰ ਸਲਾਹ ਦੇਵੇਗਾ/ਗੀ।

ਤੁਹਾਨੂੰ ਇਹ ਕਰਨਾ ਚਾਹੀਦਾ ਹੈ:

- ਹੋਰ ਸੋਮਿਆਂ ਤੋਂ ਪ੍ਰਾਪਤ ਕੀਤੀ ਵਰਤੀ ਹੋਈ ਸੱਭ ਸੂਤਰ ਦੁਆਲੇ ਹਵਾਲਾ ਚਿੰਨ੍ਹ ਵਰਤੋ ਅਤੇ ਸਪਸ਼ਟ ਕਰੋ ਕਿ ਉਹ ਕਿਹੜੇ ਸੋਮੇ ਸਨ
- ਸੱਭ ਡਾਈਗ੍ਰਾਮਾਂ ਜਾਂ ਚਿਤਰਾਂ ਦੇ ਸੋਮੇ ਸਪਸ਼ਟ ਕਰੋ
- ਜੇ ਉਚਿੱਤ ਹੋਵੇ, ਤਾਂ ਆਪਣੇ ਕੰਮ ਦੇ ਅੰਤ ਵਿੱਚ ਪੁਸਤਕ ਸੂਚੀ ਸ਼ਾਮਲ ਕਰੋ

### 3. ਦੂਜਿਆਂ ਦੇ ਕੰਮ ਦਾ ਆਪਣਾ ਹੋਣ ਦਾ ਝੂਠਾ ਦਾਹਵਾ ਨਾ ਕਰੋ

ਦੂਜਿਆਂ ਦਾ ਕੰਮ ਵਰਤ ਕੇ ਆਪਣਾ ਪੇਸ਼ ਕਰਨਾ 'ਪਲੇਜੀਆਰਿਜ਼ਮ' ਨਾਮੀ ਇੱਕ ਕਿਸਮ ਦੀ ਧੋਖੇਬਾਜ਼ੀ ਹੈ। ਇਸ ਦਾ ਮਤਲਬ ਹੁੰਦਾ ਹੈ ਕਿ ਹੋਰ ਕਿਸੇ ਦੇ ਸ਼ਬਦ ਜਾਂ ਵਿਚਾਰ ਪ੍ਰਾਪਤ ਕਰਕੇ ਆਪਣੇ ਹੋਣ ਤਰਫੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਨੀ। ਜੋ ਤੁਸੀਂ ਆਪਣੇ ਕੰਮ ਵਿੱਚ ਜਾਣਕਾਰੀ ਦੇ ਸੋਮੇ ਵਰਤੇ ਹਨ ਉਨ੍ਹਾਂ ਬਾਰੇ ਨਾ ਦੱਸਣਾ ਵੀ ਇਸ ਵਿੱਚ ਸ਼ਾਮਲ ਹੈ।

ਤੁਹਾਨੂੰ ਕੰਮ ਦਾ ਆਪਣਾ ਹੋਣ ਦਾ ਝੂਠਾ ਦਾਹਵਾ ਨਹੀਂ ਕਰਨਾ ਚਾਹੀਦਾ ਜੇ:
- ਉਹ ਪੂਰਾ ਕੰਮ ਜਾਂ ਉਸ ਦਾ ਕੁੱਝ ਹਿੱਸਾ ਜੋ ਹੋਰ ਕਿਸੇ ਨੇ ਤਿਆਰ ਕੀਤਾ ਹੋਵੇ
- ਉਹ ਕੰਮ ਜੋ ਹੋਰ ਕਿਸੇ ਪਰੀਖਿਆਰਥੀ ਜਾਂ ਵੱਡੇਰੇ ਭੈਣ ਭਰਾ ਜਾਂ ਦੋਸਤ ਨੇ ਤਿਆਰ ਕੀਤਾ ਹੋਵੇ ਜਿਹੜੇ ਇਸ ਤਰ੍ਹਾਂ ਦਾ ਕੋਰਸ ਦਾ ਕੰਮ ਪਹਿਲਾਂ ਪੇਸ਼ ਕਰ ਚੁੱਕੇ ਹਨ
- ਤੁਹਾਡੇ ਟੀਚਰ ਜਾਂ ਲੈਕਚਰਾਰ ਦਾ ਤਿਆਰ ਕੀਤਾ ਹੋਇਆ ਉਦਾਹਰਨ ਦੇਣ ਲਈ ਕੰਮ
- ਇੰਟਰਨੈਟ ਸਾਈਟ ਜਾਂ ਐਸੇ ਬੈਂਕ ਤੋਂ ਡਾਊਨਲੋਡ ਕੀਤਾ ਕੰਮ

## 4. ਦੂਜਿਆਂ ਨਾਲ ਮਿਲ ਕੇ ਕੰਮ ਨਾ ਕਰੋ, ਜਾਂ ਦੂਜਿਆਂ ਨਾਲ ਆਪਣਾ ਕੰਮ ਸਾਂਝਾ ਨਾ ਕਰੋ - ਸਿਰਫ਼ ਤਾਂ ਹੀ ਕਰੋ ਜੇ ਇਕੱਠਿਆਂ ਗਰੁੱਪ ਵਿੱਚ ਕਰਨ ਵਾਲਾ ਕੰਮ ਕਰ ਰਹੇ ਹੋ

ਦੂਜੇ ਪ੍ਰੀਖਿਆਰਥੀਆਂ ਨਾਲ ਮਿਲ ਕੇ ਕੰਮ ਕਰਨਾ ਜੋ ਤੁਹਾਨੂੰ ਇਕੱਲਿਆਂ ਨੂੰ ਕਰਨਾ ਚਾਹੀਦਾ ਹੈ, ਜਾਂ ਹੋਰ ਕਿਸੇ ਨਾਲ ਆਪਣਾ ਕੰਮ ਸਾਂਝਾ ਕਰਨਾ (ਇਸ ਵਿੱਚ ਈਲੈਕਟਰੌਨੀਕਲੀ ਵੀ ਸ਼ਾਮਲ ਹੈ), 'ਗੱਠਜੋੜ' ('collusion') ਨਾਮੀ ਇੱਕ ਪ੍ਰਕਾਰ ਦੀ ਧੋਖੇਬਾਜ਼ੀ ਹੈ। ਇਸ ਵਿੱਚ ਦੂਜੇ ਪਰੀਖਿਆਰਥੀ ਨੂੰ ਮਦਦ ਦੇਣੀ, ਜਾਂ ਸਮੱਗਰੀ ਉਧਾਰੀ ਦੇਣੀ ਸ਼ਾਮਲ ਹੈ।

ਉਦਾਹਰਨ ਵੱਜੋਂ, ਜੇ ਤੁਹਾਡਾ ਕੰਮ ਕੰਪਿਊਟਰ ਉੱਪਰ ਕੀਤਾ ਗਿਆ ਹੋਵੇ, ਤਾਂ ਆਪਣੀ ਪਾਸਵਰਡ ਦੇ ਕੇ ਜਾਂ ਤੁਹਾਡੀਆਂ ਸੇਵ ਕੀਤੀਆਂ ਫਾਇਲਾਂ ਤੱਕ ਪਾਹੁੰਚ ਕਰਨ ਦੇ ਕੇ ਤੁਹਾਨੂੰ ਤੁਹਾਡੇ ਕੰਮ ਤੱਕ ਪਾਹੁੰਚ ਨਹੀਂ ਕਰਨ ਦੇਣੀ ਚਾਹੀਦੀ। ਜੇ ਕਲਾਸ ਦੇ ਸਾਥੀ ਜਾਂ ਕੋਰਸ ਦੇ ਸਾਥੀ ਨੂੰ ਕੋਰਸ ਦਾ ਕੰਮ ਪੂਰਾ ਕਰਨ ਵਿੱਚ ਮੁਸ਼ਕਲ ਆ ਰਹੀ ਹੋਵੇ ਅਤੇ ਉਹ ਤੁਹਾਨੂੰ ਮਦਦ ਕਰਨ ਲਈ ਬੇਨਤੀ ਕਰਨ, ਤਾਂ ਤੁਹਾਨੂੰ ਸਲਾਹ ਦੇਣੀ ਚਾਹੀਦੀ ਹੈ ਕਿ ਉਹ ਟੀਚਰ ਜਾਂ ਲੈਕਚਰਾਰ ਨਾਲ ਗੱਲ ਕਰਨ। ਜੇ ਇਹ ਸਥਾਪਿਤ ਕੀਤਾ ਗਿਆ ਕਿ ਤੁਸੀਂ ਆਪਣਾ ਕੰਮ ਹੋਰ ਕਿਸੇ ਪ੍ਰੀਖਿਆਰਥੀ ਨੂੰ ਉਧਾਰਾ ਦਿੱਤਾ ਹੈ ਅਤੇ ਉਸ ਨੇ ਉਪਰੰਤ ਆਪਣਾ ਕੋਰਸ ਦਾ ਕੰਮ ਭੇਜਣ ਲਈ ਤਿਆਰ ਕਰਨ ਲਈ ਵਰਤਿਆ ਹੈ, ਤਾਂ ਤੁਹਾਨੂੰ ਦੋਹਾਂ ਨੂੰ ਇਸ ਸੇਧ ਦੀ ਉਲੰਘਣਾ ਕਰਦੇ ਸਮਝਿਆ ਜਾਵੇਗਾ।

ਇਸੇ ਤਰ੍ਹਾਂ, ਤੁਹਾਨੂੰ ਹੋਰ ਕਿਸੇ ਪਰੀਖਿਆਰਥੀ ਨੂੰ ਉਨ੍ਹਾਂ ਦਾ ਕੰਮ ਜਾਂ ਸਮੱਗਰੀ ਉਧਾਰੀ ਲੈਣ ਲਈ ਜਾਂ ਉਨ੍ਹਾਂ ਦੀਆਂ ਕੰਪਿਊਟਰ ਫਾਇਲਾਂ ਤੱਕ ਪਾਹੁੰਚ ਕਰਨ ਲਈ ਬੇਨਤੀ ਨਹੀਂ ਕਰਨੀ ਚਾਹੀਦੀ। ਜੇ ਤੁਹਾਨੂੰ ਕੋਰਸ ਦਾ ਕੰਮ ਪੂਰਾ ਕਰਨ ਵਿੱਚ ਮੁਸ਼ਕਲ ਆ ਰਹੀ ਹੋਵੇ, ਤਾਂ ਤੁਹਾਨੂੰ ਟੀਚਰ ਜਾਂ ਲੈਕਚਰਾਰ ਨਾਲ ਗੱਲ ਕਰਨੀ ਚਾਹੀਦੀ ਹੈ।

## 5. ਆਪਣੇ ਕੰਮ ਵਿੱਚ ਬਦਤਮੀਜ਼, ਅਪਮਾਨਜਨਕ, ਵਿਤਕਰੇ ਵਾਲੀ ਜਾਂ ਨਿਰਰਥਕ ਭਾਸ਼ਾ ਜਾਂ ਤਸਵੀਰਾਂ ਨਾ ਸ਼ਾਮਲ ਕਰੋ

ਸੱਭ ਪਰੀਖਿਆਰਥੀਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਦੂਜਿਆਂ ਦਾ ਸਤਕਾਰ ਕਰਨ, ਜਿਨ੍ਹਾਂ ਵਿੱਚ ਟੀਚਰ, ਲੈਕਚਰਾਰ ਅਤੇ ਐਸ.ਕਿਊ.ਏ. (SQA) ਵੀ ਸ਼ਾਮਲ ਹਨ। ਇਹ ਵੀ ਜਰੂਰੀ ਹੈ ਕਿ ਨਾ ਪ੍ਰਵਾਨ ਕਰਨਯੋਗ ਤੱਤਾਂ ਨੂੰ ਵਿਚਾਰਨ ਲਈ ਮਾਰਕ ਕਰਨ ਵਾਲੇ ਦਾ ਸਮਾਂ ਬਰਬਾਦ ਨਾ ਕੀਤਾ ਜਾਵੇ। ਜਿੱਥੇ ਇਸ ਤਰ੍ਹਾਂ ਦੇ ਤੱਤ ਕੋਰਸ ਦੇ ਪ੍ਰਸੰਗ ਵਿੱਚ ਹੋਣੇ ਸਾਬਤ ਕੀਤੇ ਜਾਣ (ਉਦਾਹਰਨ ਵੱਜੋਂ, ਕਲਾ, ਨਾਟਕ ਅਤੇ ਅੰਗਰੇਜ਼ੀ ਵਰਗੇ ਮਜ਼ਬੂਨਾਂ ਵਿੱਚ) ਤੱਦ ਹੀ ਉਨ੍ਹਾਂ ਨੂੰ ਪੇਸ਼ ਕਰਨਾ ਪ੍ਰਵਾਨ ਕਰਨਯੋਗ ਸਮਝਿਆ ਜਾਵੇਗਾ।

## 6. ਮਾਰਕਿੰਗ ਲਈ ਭੇਜਣ ਤੋਂ ਪਹਿਲਾਂ ਆਪਣਾ ਪੂਰਾ ਕੰਮ ਧਿਆਨ ਨਾਲ ਚੈੱਕ ਕਰੋ।

ਯਕੀਨੀ ਬਣਾਉਣ ਲਈ ਕਿ ਜੋ ਸੱਭ ਕੁੱਝ ਤੁਸੀਂ ਪੇਸ਼ ਕਰ ਰਹੇ ਹੋ ਉਹ ਤੁਹਾਡਾ ਕੀਤਾ ਹੋਇਆ ਕੰਮ ਹੈ ਅਤੇ ਸੋਮਿਆਂ ਤੋਂ ਪ੍ਰਾਪਤ ਕੀਤੀ ਸਮੱਗਰੀ ਬਾਰੇ ਦੱਸਿਆ ਗਿਆ ਹੈ, ਆਪਣਾ ਸਾਰਾ ਕੋਰਸ ਦਾ ਕੰਮ ਧਿਆਨ ਨਾਲ ਚੈਕ ਕਰੋ। ਪਿੱਛਲੇ ਸਾਲਾਂ ਦੌਰਾਨ ਜੋ ਤੁਸੀਂ ਸਮੱਗਰੀ ਪੂਰੀ ਕੀਤੀ ਸੀ ਉਸ ਵੱਲ ਤੁਹਾਨੂੰ ਖਾਸ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ ਕਿ ਉਹ ਵੀ ਪੱਕੇ ਤੌਰ ਤੇ ਤੁਹਾਡਾ ਆਪਣਾ ਕੀਤਾ ਹੋਇਆ ਕੰਮ ਸੀ।

ਇਹ ਵੀ ਚੈਕ ਕਰੋ ਕਿ ਤੁਸੀਂ ਨਿਰਰਥਕ ਜਾਂ ਅਪਮਾਨਜਨਕ ਕੁੱਝ ਵੀ ਸ਼ਾਮਲ ਨਹੀਂ ਕੀਤਾ, ਅਤੇ ਤੁਹਾਡੀ ਭਾਸ਼ਾ ਦੀ ਵਰਤੋਂ ਉਪਰੋਕਤ ਸੇਧ 5 ਦੇ ਅਨੁਕੂਲ ਹੈ।

ਐਸ.ਕਿਊ.ਏ. (SQA) ਨੂੰ ਮਾਰਕਿੰਗ ਕਰਨ ਲਈ ਭੇਜਣ ਤੋਂ ਪਹਿਲਾਂ ਆਪਣੇ ਕੰਮ ਦਾ ਕੋਈ ਵੀ ਹਿੱਸਾ ਪ੍ਰਕਾਸ਼ਤ ਹੋਣ ਲਈ ਇੰਟਰਨੈਟ ਸਾਇਟ ਤੇ ਨਾ ਭੇਜੋ।

## ਵਿਚਾਰ ਚੋਰੀ, ਗੱਠਜੋੜ ਅਤੇ ਨਿਰਰਥਕ/ਇਤਰਾਜ਼ਯੋਗ ਸਮੱਗਰੀ ਦੀ ਕਿਸ ਤਰ੍ਹਾਂ ਪਛਾਣ ਕੀਤੀ ਜਾਂਦੀ ਹੈ

- ਕੰਮ ਦੇ ਡਰਾਫਟ ਚੈਕ ਕਰ ਰਹੇ ਟੀਚਰ ਜਾਂ ਲੈਕਚਰਾਰ ਲਿੱਖਤ ਦੇ ਨਮੂਨੇ ਅਤੇ ਭਾਸ਼ਾ ਦੀ ਵਰਤੋਂ ਵਿੱਚ ਆਈ ਤਬਦੀਲੀ ਦੀ ਪਛਾਣ ਕਰ ਲੈਂਦੇ ਹਨ।
- ਮਾਰਕ ਕਰਨ ਵਾਲਿਆਂ ਨੇ ਬਹੁਤ ਵਰਤਮਾਨ ਸਮੁਗਰੀ ਪੜ ਲਈ ਹੋਵੇਗੀ ਅਤੇ ਸੰਬੰਧਿਤ ਵਿਸ਼ੇ ਦੇ ਸੋਮਿਆਂ ਤੋਂ ਜਾਣੂ ਹੋਣਗੇ।
- ਮਾਰਕ ਕਰਨ ਵਾਲੇ ਜੋ ਕੰਮ ਨਿਰਰਥਕ ਜਾਂ ਅਪਮਾਨਜਨਕ ਸਮਝਣ ਉਸ ਨੂੰ ਪੜਤਾਲ ਲਈ ਹਵਾਲੇ ਕਰ ਦੇਣਗੇ।
- ਐਸ.ਕਿਉ.ਏ. (SQA) ਕੰਪਿਊਟਰ ਦਾ ਉਹ ਸੌਫਟਵੇਅਰ ਵਰਤਦੀ ਹੈ ਜੋ ਨਕਲ ਕੀਤੇ ਮੁਹਾਵਰੇ ਜਾਂ ਲਿੱਖਤ ਦੀ ਮੂਲ ਸੋਮਿਆਂ ਨਾਲ ਤੁਲਨਾ ਕਰ ਸਕਦਾ ਹੈ।

**ਹਰ ਸ਼ੱਕੀ, ਵਿਚਾਰ ਚੋਰੀ ਕਰਨ, ਗੱਠਜੋੜ ਕਰਨ ਦੇ ਕੇਸ ਜਾਂ ਨਿਰਾਰਥਕ/ਅਪਮਾਨਜਨਕ ਸਮੱਗਰੀ ਦੀ ਵਰਤੋਂ ਦੀ ਜਾਂਚ ਕੀਤੀ ਜਾਵੇਗੀ।**

**ਜੇ ਲੱਭਿਆ ਗਿਆ ਕਿ ਸੇਧ ਦੀ ਉਲੰਘਣਾ ਕੀਤੀ ਗਈ ਹੈ, ਤਾਂ ਸਜ਼ਾ ਦਿੱਤੀ ਜਾਵੇਗੀ।**

## ਐਸ.ਕਿਉ.ਏ. (SQA) ਕਿਹੜੀ ਸਜ਼ਾ ਦੇਵੇਗੀ?

ਜੇ ਜਾਂਚ ਨੇ ਸਾਬਤ ਕਰ ਦਿੱਤਾ ਕਿ ਤੁਸੀਂ ਸੇਧ ਦੀ ਉਲੰਘਣਾ ਕੀਤੀ ਹੈ, ਐਸ.ਕਿਉ.ਏ. (SQA) ਸਜ਼ਾ ਦੇਵੇਗੀ। ਕਿੰਨ੍ਹੀ ਸਜ਼ਾ ਦਿੱਤੀ ਜਾਵੇਗੀ ਉਹ ਮਾਮਲੇ ਦੀ ਗੰਭੀਰਤਾ ਉੱਪਰ ਨਿਰਭਰ ਹੋਵੇਗੀ। ਐਸ.ਕਿਉ.ਏ. (SQA) ਹੇਠ ਲਿੱਖਤ ਸੂਚੀ ਵਿੱਚੋਂ ਫੈਸਲਾ ਕਰੇਗੀ ਕਿ ਕਿਹੜੀ ਸਜ਼ਾ ਉੱਚਿੱਤ ਹੈ:

- ਉਸ ਸਾਲ ਦੇ ਸੱਭ ਮਜ਼ਬੂਨਾਂ ਦੇ ਪੇਸ਼ ਕੀਤੇ ਤੁਹਾਡੇ ਸਾਰੇ ਕੰਮ ਮਨਸੂਖ ਕੀਤੇ ਜਾਣਗੇ
- ਸੰਬੰਧਿਤ ਮਜ਼ਬੂਨ ਦਾ ਪੇਸ਼ ਕੀਤਾ ਤੁਹਾਡਾ ਕੰਮ ਮਨਸੂਖ ਕੀਤਾ ਜਾਵੇਗਾ
- ਉਸ ਕੰਮ ਲਈ ਘੱਟ ਜਾਂ ਸਿਫ਼ਰ ਨੰਬਰ ਦਿੱਤੇ ਜਾਣਗੇ
- ਚਿਤਾਵਨੀ ਦਿੱਤੀ ਜਾਵੇਗੀ

ਜੇ ਸਜ਼ਾ ਦਿੱਤੀ ਗਈ, ਤਾਂ ਤੁਹਾਡੇ ਸਕੂਲ ਜਾਂ ਕਾਲਜ ਨੂੰ ਤੁਹਾਡੀ ਤਰਫੋਂ ਸ਼ਾਇਦ ਮੁਲਾਂਕਣ ਅਪੀਲ (Assessment Appeal) ਕਰਨ ਦੀ ਆਗਿਆ ਨਾ ਦਿੱਤੀ ਜਾਵੇ। ਇਸ ਦਾ ਮਤਲਬ ਹੈ ਕਿ ਜੇ ਤੁਸੀਂ ਉਹ ਗ੍ਰੇਡ ਪ੍ਰਾਪਤ ਨਾ ਕੀਤਾ ਜਿਸ ਦਾ ਤੁਹਾਡੇ ਸੈਂਟਰ ਨੇ ਤੁਹਾਡੀ ਯੋਗਤਾ ਅਨੁਕੂਲ ਅਨੁਮਾਨ ਲਾਇਆ ਸੀ, ਤਾਂ ਐਸ.ਕਿਉ.ਏ. (SQA) ਹੋਰ ਕੋਈ ਸਬੂਤ ਵਿਚਾਰ ਅਧੀਨ ਨਹੀਂ ਕਰੇਗੀ।

## ਐਲਾਨ

ਤੁਹਾਡਾ ਸਕੂਲ ਜਾਂ ਕਾਲਿਜ ਤੁਹਾਨੂੰ ਐਲਾਨ ਦੇਵੇਗਾ ਜਿਸ ਉੱਪਰ ਤੁਹਾਨੂੰ ਐਸ.ਕਿਉ.ਏ. (SQA) ਨੂੰ ਮਾਰਕ ਕਰਨ ਲਈ ਕੋਈ ਵੀ ਕੋਰਸ ਦਾ ਕੰਮ ਭੇਜਣ ਤੋਂ ਪਹਿਲਾਂ ਦਸਤਖ਼ਤ ਕਰਨੇ ਪੈਣਗੇ। ਇਹ ਬਹੁਤ ਜਰੂਰੀ ਹੈ ਕਿ ਤੁਹਾਨੂੰ ਐਲਾਨ ਦੀ ਸ਼ਬਦਾਵਲੀ ਦੀ ਸਹੀ ਸਮਝ ਲੱਗੇ। ਜੇ ਤੁਹਾਨੂੰ ਕਿਸੇ ਚੀਜ਼ ਬਾਰੇ ਵੀ ਪੱਕਾ ਨਾ ਪਤਾ ਹੋਵੇ ਤਾਂ ਤੁਹਾਨੂੰ ਆਪਣੇ ਜਾਂ ਲੈਕਚਰਾਰ ਨੂੰ ਸਮਝਾਉਣ ਲਈ ਪੁੱਛਣਾ ਚਾਹੀਦਾ ਹੈ।

ਐਲਾਨ ਦੀ ਸ਼ਬਦਾਵਲੀ ਇਹ ਹੈ:

ਮੈਂ ਪੁਸ਼ਟੀ ਕਰਦਾ/ਦੀ ਹਾਂ ਕਿ:

- ਮੈਂ ਐਸ.ਕਿਉ.ਏ. (SQA) ਦਾ **"ਤੁਹਾਡਾ ਕੋਰਸ ਦਾ ਕੰਮ"** ਕਿਤਾਬਚਾ ਪੜ੍ਹਿਆ ਹੈ ਅਤੇ ਮੈਨੂੰ ਇਸ ਵਿੱਚ ਸ਼ਾਮਲ ਤੱਤਾਂ ਦੀ ਸਮਝ ਲੱਗ ਗਈ ਹੈ
- ਮੈਨੂੰ ਸਮਝ ਹੈ ਕਿ **"ਤੁਹਾਡਾ ਕੋਰਸ ਦਾ ਕੰਮ"** ਕਿਤਾਬਚਾ ਵਿੱਚ ਸੇਧ ਦੀ ਪਾਲਣਾ ਨਾ ਕਰਨ ਵਾਲੇ ਪਰੀਖਿਆਰਥੀਆਂ ਨੂੰ ਐਸ.ਕਿਉ.ਏ. (SQA) ਸਜ਼ਾ ਦੇ ਸਕਦੀ ਹੈ
- ਇਸ ਐਲਾਨ ਨਾਲ ਪੇਸ਼ ਕੀਤਾ ਸੱਭ ਕੋਰਸ ਦਾ ਕੰਮ ਮੇਰਾ ਆਪਣਾ ਕੀਤਾ ਹੋਇਆ ਹੈ, ਜਿਸ ਨਾਲ ਜਾਣਕਾਰੀ ਦੇ ਸੋਮਿਆਂ ਦਾ ਵੇਰਵਾ ਸ਼ਾਮਲ ਹੈ
- ਮੈਨੂੰ ਸਮਝ ਹੈ ਕਿ ਇਹ ਕੋਰਸ ਦਾ ਕੰਮ ਐਸ.ਕਿਉ.ਏ. (SQA) ਨੂੰ ਮਾਰਕ ਕਰਨ ਲਈ ਪੇਸ਼ ਕੀਤਾ ਜਾਵੇਗਾ

**ਯਾਦ ਰੱਖੋ:**

ਇਸ ਐਲਾਨ ਉੱਪਰ ਦਸਤਖ਼ਤ ਕਰਨ ਤੋਂ ਪਹਿਲਾਂ ਤੁਹਾਨੂੰ ਇਸ ਦੀ ਪੂਰੀ ਸਮਝ ਲੱਗਣੀ ਜਰੂਰੀ ਹੈ - ਅਤੇ ਜੇ ਤੁਹਾਨੂੰ ਕਿਸੇ ਚੀਜ਼ ਬਾਰੇ ਪੂਰੀ ਤਰ੍ਹਾਂ ਸਮਝ ਨਹੀਂ ਆਈ, ਤਾਂ ਕਿਰਪਾ ਕਰਕੇ ਆਪਣੇ ਟੀਚਰ/ਲੈਕਚਰਾਰ ਨੂੰ ਪੁੱਛੋ।

ਤੁਹਾਡਾ ਕੰਮ ਐਸ.ਕਿਉ.ਏ. (SQA) ਨੂੰ ਮਾਰਕ ਕਰਨ ਲਈ ਪੇਸ਼ ਕਰਨ ਤੋਂ ਪਹਿਲਾਂ ਤੁਹਾਨੂੰ ਐਲਾਨ ਉੱਪਰ ਦਸਤਖ਼ਤ ਕਰਨਾ ਲਾਜ਼ਮੀ ਹੈ।

# ਐਸ.ਕਿਉ.ਏ. (SQA) ਨੂੰ ਕੋਰਸ ਦਾ ਕੰਮ ਮਾਰਕ ਕਰਨ ਲਈ ਪੇਸ਼ ਕਰਨ ਵਾਸਤੇ ਸੇਧ

ਜੇ ਤੁਸੀਂ ਯੋਗਤਾ ਲਈ ਕੁੱਝ ਸਾਲਾਂ ਲਈ ਪੜ੍ਹਾਈ ਕਰ ਰਹੇ ਹੋ, ਤਾਂ ਸ਼ਾਇਦ ਤੁਸੀਂ ਕੋਰਸ ਅਰੰਭ ਕਰਨ ਸਮੇਂ ਤੋਂ ਹੀ ਕੋਰਸ ਦਾ ਕੰਮ ਸ਼ੁਰੂ ਕਰ ਦੇਵੋਂਗੇ। ਇਸ ਕਰਕੇ ਇਹ ਬਹੁਤ ਜਰੂਰੀ ਹੈ ਕਿ ਤੁਸੀਂ ਇਸ ਪਰਚੇ ਨੂੰ ਧਿਆਨ ਨਾਲ ਪੜ੍ਹੋ, ਭਾਵੇਂ ਤੁਸੀਂ ਇਸ ਸਾਲ ਮਾਰਕ ਕਰਨ ਲਈ ਕੋਈ ਵੀ ਕੰਮ ਪੇਸ਼ ਨਹੀਂ ਕਰ ਰਹੇ।

ਇਸ ਕਿਤਾਬਚੇ ਵਿੱਚ ਉਹ ਜਾਣਕਾਰੀ ਦਿੱਤੀ ਹੋਈ ਹੈ ਜਿਸ ਬਾਰੇ ਤੁਹਾਨੂੰ ਕੋਈ ਵੀ ਕੋਰਸ ਦਾ ਕੰਮ ਅਰੰਭ ਕਰਨ ਤੋਂ ਪਹਿਲਾਂ ਜਾਣੂ ਹੋਣਾ ਜਰੂਰੀ ਹੈ। ਜੇ ਤੁਹਾਨੂੰ ਇਸ ਕਿਤਾਬਚੇ ਵਿੱਚ ਦਿੱਤੀ ਹੋਈ ਜਾਣਕਾਰੀ ਦੀ ਸਮਝ ਨਹੀਂ ਲੱਗਦੀ ਜਾਂ ਹੋਰ ਰਾਹਨੁਮਾਈ ਦੀ ਲੋੜ ਹੈ ਤਾਂ ਆਪਣੇ ਟੀਚਰ ਜਾਂ ਲੈਕਚਰਾਰ ਨੂੰ ਮਦਦ ਲਈ ਪੁੱਛੋ।

# ਅਤੇ ਅੰਤ ਵਿੱਚ...

ਯਾਦ ਰੱਖੋ ਕਿ ਕੋਈ ਵੀ ਨਹੀਂ ਚਾਹੁੰਦਾ ਕਿ ਤੁਸੀਂ ਫੇਲ੍ਹ ਹੋਵੋਂ - ਤੁਹਾਡੇ ਦੋਸਤ ਅਤੇ ਪਰਿਵਾਰ ਨਹੀਂ ਚਾਹੁੰਦੇ, ਐਸ.ਕਿਊ.ਏ. (SQA) ਨਹੀਂ ਚਾਹੁੰਦੀ, ਅਤੇ ਤੁਹਾਡੇ ਟੀਚਰ ਜਾਂ ਲੈਕਚਰਾਰ ਵੀ ਬਿਲਕੁੱਲ ਨਹੀਂ ਚਾਹੁੰਦੇ। ਤੁਸੀਂ ਆਪਣੇ ਕੰਮ ਬਾਰੇ ਦੂਜਿਆਂ ਨਾਲ ਜਰੂਰ ਗੱਲ ਕਰ ਸਕਦੇ ਹੋ, ਉਨ੍ਹਾਂ ਦੇ ਤਜ਼ਰਬੇ ਸਾਂਝੇ ਕਰ ਸਕਦੇ ਹੋ ਅਤੇ ਸਲਾਹ ਲੈ ਸਕਦੇ ਹੋ, ਪਰੰਤੂ ਹਮੇਸ਼ਾਂ ਯਾਦ ਰੱਖੋ - ਜੋ ਕੰਮ ਤੁਸੀਂ ਮਾਰਕ ਕਰਾਉਣ ਲਈ ਪੇਸ਼ ਕਰੋਂ ਉਹ ਤੁਹਾਡਾ ਕੀਤਾ ਹੋਇਆ ਹੋਣਾ ਚਾਹੀਦਾ ਹੈ। ਜੇ ਤੁਹਾਨੂੰ ਆਪਣੇ ਕੰਮ ਪ੍ਰਤੀ ਕੋਈ ਵੀ ਸ਼ੰਕਾ ਹੋਵੇ, ਤਾਂ ਕਿਰਪਾ ਕਰਕੇ ਆਪਣੇ ਟੀਚਰ ਜਾਂ ਲੈਕਚਰਾਰ ਤੋਂ ਸਲਾਹ ਲਓ। ਉਹ ਤੁਹਾਡੀ ਮਦਦ ਕਰਨ ਲਈ ਮੌਜੂਦ ਹਨ।

ਗਾਹਕ ਸੰਪਰਕ ਕੇਂਦਰ (Customer Contact Centre)
ਫ਼ੋਨ: 0845 279 1000 E: customer@sqa.org.uk W: www.sqa.org.uk
BA5524 ਸਤੰਬਰ 2010